# ਕਿਰਿਆ

ਵਾਕ ਵਿਚ ਉਹ ਸ਼ਬਦ ਜਿਸ ਤੋਂ ਕਿਸੇ ਕੰਮ ਦੇ ਹੋਣ ਬਾਰੇ, ਉਸ ਦੇ ਵਾਪਰਨ ਬਾਰੇ ਕਾਲ ਸਹਿਤ ਪਤਾ ਲੱਗੇ, ਉਸ ਨੂੰ ਕਿਰਿਆ ਕਿਹਾ ਜਾਂਦਾ ਹੈ। ਜਿਵੇਂ: ਖਾਂਦਾ ਸੀ, ਜਾਂਦਾ ਹੈ , ਪੜ੍ਹਦਾ ਹੈ ਆਦਿ ।

# ਕਿਰਿਆ ਦੀਆਂ ਕਿਸਮਾਂ

ਅਕਰਮਕ ਕਿਰਿਆ

ਸਕਰਮਕ ਕਿਰਿਆ

# 1. ਅਕਰਮਕ ਕਿਰਿਆ


ਜਿਸ ਵਾਕ ਵਿਚ ਕੇਵਲ ਕਰਤਾ ਹੀ ਹੋਵੇ ਕਰਮ ਨਾ ਹੋਵੇ ਉਸ ਨੂੰ ਅਕਰਮਕ ਕਿਰਿਆ ਕਿਹਾ ਜਾਂਦਾ ਹੈ ।

# ਉਦਾਹਰਨ

ਵਰਖਾ ਪੈ ਰਹੀ ਹੈ।

ਮੁੰਡਾ ਹੱਸਦਾ ਹੈ ।






ਕੁੜੀ ਗਾਉਂਦੀ ਹੈ ।



ਸੂਰਜ ਨਿਕਲ ਆਇਆ।



# ਅਕਰਮਕ ਕਿਰਿਆ ਦੀਆਂ ਕਿਸਮਾਂ

ਅਕਰਮਕ ਕਿਰਿਆ ਦੀਆਂ ਦੋ ਕਿਸਮਾਂ ਹਨ ।

(1.1) ਪੂਰਨ ਅਕਰਮਕ ਕਿਰਿਆ :- ਜਿਸ ਵਿਚ ਅਕਰਮਕ ਕਿਰਿਆ ਕਰਤਾ ਨਾਲ ਮਿਲ ਕੇ ਪੂਰਾ ਅਤੇ ਸਾਰਥਕ ਵਾਕ ਬਣਾਵੇ ; ਜਿਵੇਂ :-

ਰਾਮ ਸੌਂ ਗਿਆ ।          ਕੁੱਤਾ ਭੌਂਕਿਆ ।

(1.2) ਅਪੂਰਨ ਅਕਰਮਕ ਕਿਰਿਆ :- ਜਿਸ ਵਿਚ ਅਕਰਮਕ ਕਿਰਿਆ ਕਰਤਾ ਨਾਲ ਮਿਲ ਕੇ ਪੂਰਾ ਅਤੇ ਸਾਰਥਕ ਵਾਕ ਨਾ ਬਣਾਵੇ ; ਜਿਵੇਂ ;

ਉਹ ਰਹੀ ਹੈ ।          ਉਸਨੂੰ ਹੋ ਗਿਆ ਹੈ ।

# 2. ਸਕਰਮਕ ਕਿਰਿਆ

ਜਿਹੜੇ ਵਾਕ ਵਿਚ ਕਿਰਿਆ ਦਾ ਕਰਤਾ ਤੇ ਕਰਮ ਦੋਵੇਂ ਹੋਣ ਉਸ ਨੂੰ ਸਕਰਮਕ ਕਿਰਿਆ ਕਿਹਾ ਜਾਂਦਾ ਹੈ।

# ਉਦਾਹਰਨ

ਮਾਤਾ ਜੀ ਰੋਟੀ ਪਕਾਉਂਦੇ ਹਨ।

ਵਿਦਿਆਰਥੀ ਪਾਠ ਯਾਦ ਕਰਦੇ ਹਨ।





ਬੱਚੇ ਫੁਟਬਾਲ ਖੇਡ ਰਹੇ ਹਨ।

ਉਹਨਾਂ ਨੇ ਹਾਕੀ ਦਾ ਮੈਚ ਜਿੱਤ ਲਿਆ।





# ਸਕਰਮਕ ਕਿਰਿਆ ਦੀਆਂ ਕਿਸਮਾਂ

ਸਕਰਮਕ ਕਿਰਿਆ ਦੀਆਂ ਦੋ ਕਿਸਮਾਂ ਹਨ ।

(1.1) <u>ਪੂਰਨ ਸਕਰਮਕ ਕਿਰਿਆ</u> :- ਜਿਹੜੀ ਸਕਰਮਕ ਕਿਰਿਆ ਕਰਤਾ ਅਤੇ ਕਰਮ ਨਾਲ ਮਿਲ ਕੇ ਪੂਰਾ ਅਤੇ ਅਰਥ ਪੂਰਨ ਵਾਕ ਬਣਾਵੇ ;

ਜਿਵੇਂ :- ਮੁੰਡਿਆਂ ਨੇ ਭੰਗੜਾ ਪਾਇਆ ।

ਕਿਸਾਨ ਖੇਤਾਂ ਨੂੰ ਜਾ ਰਹੇ ਹਨ ।

(1.2) <u>ਅਪੂਰਨ ਸਕਰਮਕ ਕਿਰਿਆ</u> :- ਜਿਹੜੀ ਸਕਰਮਕ ਕਿਰਿਆ ਕਰਤਾ ਅਤੇ ਕਰਮ ਨਾਲ ਮਿਲ ਕੇ ਪੂਰਾ ਅਤੇ ਅਰਥ ਪੂਰਨ <u>ਨਾ</u> ਵਾਕ ਬਣਾਵੇ ; ਜਿਵੇਂ :-

ਰਮਨ ਭਰਾ ਨੂੰ ਕਹਿਣ ਲੱਗਾ ।

ਪਿਤਾ ਨੇ ਵੱਡੇ ਪੁੱਤਰ ਨੂੰ ਬਣਾ ਦਿੱਤਾ।

# ਕਿਰਿਆ ਦੇ ਹੋਰ ਰੂਪ

1. ਸੰਸਰਗੀ ਕਿਰਿਆ :- ਇਸ ਵਿਚ 'ਹੈ' ਜਾਂ 'ਸੀ' ਸ਼ਬਦ ਇਕੱਲਾ ਹੀ ਕਿਰਿਆ ਰੂਪ ਹੁੰਦਾ ਹੈ ; ਜਿਵੇਂ :-

ਹਨੀ ਇਕ ਆਗਿਆਕਾਰੀ ਲੜਕਾ ਹੈ ।
ਹਸਰਤ ਆਲਸੀ ਲੜਕੀ ਹੈ ।

2. ਸਹਾਇਕ ਕਿਰਿਆ :- ਜਦੋਂ 'ਹੈ', 'ਸੀ' ਤੇ ਇਨ੍ਹਾਂ ਦੇ ਹੋਰ ਰੂਪ 'ਸਕਦਾ', 'ਚਾਹੀਦਾ', ਅਕਰਮਕ ਜਾਂ ਸਕਰਮਕ ਨਾਲ ਮਿਲ ਕੇ ਕਿਰਿਆ ਦਾ ਕੰਮ ਕਰਨ ; ਜਿਵੇਂ :- ਮੈਂ ਆਪਣੇ ਵਿਚਾਰ ਦੇ ਸਕਦਾ ਹਾਂ ।